# मना चल कटड़े नू चलिए

**धुन –** मना चल वृंदावन चलीए

मना चल कट्टड़े नू चलीए,
जिट्थे रहिंदी ए शेरां वाली माँ,
जिट्थे रहिंदी ए मेहरां वाली माँ,
मना चल चल चल,
मना चल कट्टड़े नू चलीए...

जिट्थे ऊँचे पहाड़ पए दिसदे,
जिट्थे भवन सुनहरी पए दिसदे,
तूँ वी चढ़ के चढ़ाइयां जा।
जय माता दी करदा जा।
मना चल चल चल,
मना चल कट्टड़े नू चलीए...

जिट्थे बाण गंगा ठाठां पई मारदी,
जेहड़ी भगतां दे दिल दे नूं ठार्हदी,
तूँ वी रज्ज रज्ज चुभियां लाँ।
तूँ वी मन दी मेल हटा।
मना चल चल चल,
मना चल कट्टड़े नू चलीए...

माँ दी मूर्ति नूं मन च वसा के,
चढ़ जा तूं चढ़ाइयां जा के,
माँ दी जय जयकार बुला।
ओहदियां ऊँची ऊँची भेटां गा।
मना चल चल चल,
मना चल कट्टड़े नू चलीए...

अग्गे आ गई आदि कुवारी ए,
जिट्थे बैठी मैया प्यारी ए,
तूँ वी गुफ़ा दे विचों लंघ जा।
गेढ़ चौरासी दा अपना मुँका।
मना चल चल चल,
मना चल कट्टड़े नू चलीए...

अग्गे हाथी माथा प्यां ऑवदा,
माँ दे चरणां च सीस नूं झुकांवदा,
तूँ वी सांझी छत ते जा।
माँ दे ऊँची ऊँची जैकारे ला।
मना चल चल चल,

मना चल कट्टड़े नू चलोए…

माँ दे भवनां दी ऊँची ऊँची पौड़ियां,
जिट्थे मिलदियां लालां दीआँ जोड़ियां,
माँ दे दर ते तूं झोली फैलां।
मूँहों मंगियां मुरादां ओथों पा।
मना चल चल चल,
मना चल कट्टड़े नू चलीए…

माँ ने पिंडी रूप बना लिया,
माँ ने कँज़कां दा रूप वी धारिया,
तूँ वी पिंडियां दे दर्शन पा।
ओथे जा के तूं कँज़कां मना।
मना चल चल चल,
मना चल कट्टड़े नू चलीए…

जिट्थे भगत दहलीज़ां मल्लियां,
माँ दे दर उत्ते हाज़्रियां भरियां,
तूँ वी जा के अर्जी सुना।
माँ दा रज्ज रज्ज दर्शन पा।
मना चल चल चल,
मना चल कट्टड़े नू चलीए…

**अपलोडर –** अनिलरामूर्ति भोपाल

**ਧੁਨ-** ਮਨਾ ਚੱਲ ਵ੍ਰਿੰਦਾਵਨ ਚੱਲੀਏ

**ਮਨਾ ਚੱਲ ਕੱਟੜੇ ਨੂੰ ਚੱਲੀਏ,**
**ਜਿੱਥੇ ਰਹਿੰਦੀ ਏ ਸ਼ੇਰਾਂ ਵਾਲੀ ਮਾਂ,**
**ਜਿੱਥੇ ਰਹਿੰਦੀ ਏ ਮੇਹਰਾਂ ਵਾਲੀ ਮਾਂ,**
**ਮਨਾ ਚੱਲ ਚੱਲ ਚੱਲ**
**ਮਨਾ ਚੱਲ ਕੱਟੜੇ ਨੂੰ ਚੱਲੀਏ…**

**ਜਿੱਥੇ ਉੱਚੇ ਪਹਾੜ ਪਏ ਦਿੱਸਦੇ,**
**ਜਿੱਥੇ ਭਵਨ ਸੁਨਹਿਰੀ ਪਏ ਦਿੱਸਦੇ,**
**ਤੂੰ ਵੀ ਚੜ੍ਹ ਕੇ ਚੜ੍ਹਾਈਆਂ ਜਾ ।**
**ਜੈ ਮਾਤਾ ਦੀ ਕਰਦਾ ਜਾ ।**
**ਮਨਾ ਚੱਲ ਚੱਲ ਚੱਲ,**
**ਮਨਾ ਚੱਲ ਕੱਟੜੇ ਨੂੰ ਚੱਲੀਏ…**

**ਜਿੱਥੇ ਬਾਣ ਗੰਗਾ ਠਾਠਾਂ ਪਈ ਮਾਰਦੀ,**
**ਜੇਹੜੀ ਭਗਤਾਂ ਦੇ ਹਿਰਦੇ ਨੂੰ ਠਾਰ੍ਹਦੀ,**
**ਤੂੰ ਵੀ ਰੱਜ ਰੱਜ ਚੁੱਭੀਆਂ ਲਾਅ ।**
**ਤੂੰ ਵੀ ਮਨ ਦੀ ਮੈਲ ਹਟਾ ।**

ਮਨਾ ਚੱਲ ਚੱਲ ਚੱਲ,
ਮਨਾ ਚੱਲ ਕੱਟੜੇ ਨੂੰ ਚੱਲੀਏ...

ਮਾਂ ਦੀ ਮੂਰਤੀ ਨੂੰ ਮਨ ਚ ਵਸਾ ਕੇ,
ਚੜ੍ਹ ਜਾ ਤੂੰ ਚੜ੍ਹਾਈਆਂ ਜਾ ਕੇ,
ਮਾਂ ਦੀ ਜੈ ਜੈਕਾਰ ਬੁਲਾ ।
ਓਹਦੀਆਂ ਉੱਚੀ ਉੱਚੀ ਭੇਟਾਂ ਗਾ ।
ਮਨਾ ਚੱਲ ਚੱਲ ਚੱਲ,
ਮਨਾ ਚੱਲ ਕੱਟੜੇ ਨੂੰ ਚੱਲੀਏ...

ਅੱਗੇ ਆ ਗਈ ਆਦਿ ਕੁਵਾਰੀ ਏ,
ਜਿੱਥੇ ਬੈਠੀ ਮਈਆ ਪਿਆਰੀ ਏ,
ਤੂੰ ਵੀ ਗੁਫ਼ਾ ਦੇ ਵਿੱਚੋਂ ਲੰਘ ਜਾ ।
ਗੇੜ੍ਹ ਚੌਰਾਸੀ ਦਾ ਆਪਣਾ ਮੁਕਾ ।
ਮਨਾ ਚੱਲ ਚੱਲ ਚੱਲ,
ਮਨਾ ਚੱਲ ਕੱਟੜੇ ਨੂੰ ਚੱਲੀਏ...

ਅੱਗੇ ਹਾਥੀ ਮੱਥਾ ਪਿਆ ਆਂਵਦਾ,
ਮਾਂ ਦੇ ਚਰਨਾਂ ਚ ਸੀਸ ਨੂੰ ਝੁਕਾਂਵਦਾ,
ਤੂੰ ਵੀ ਸਾਂਝੀ ਛੱਤ ਤੇ ਜਾ ।
ਮਾਂ ਦੇ ਉੱਚੀ ਉੱਚੀ ਜੈਕਾਰੇ ਲਾ ।
ਮਨਾ ਚੱਲ ਚੱਲ ਚੱਲ
ਮਨਾ ਚੱਲ ਕੱਟੜੇ ਨੂੰ ਚੱਲੀਏ...

ਮਾਂ ਦੇ ਭਵਨਾਂ ਦੀ ਉੱਚੀ ਉੱਚੀ ਪੌੜੀਆਂ,
ਜਿੱਥੇ ਮਿਲਦੀਆਂ ਲਾਲਾਂ ਦੀਆਂ ਜੋੜੀਆਂ,
ਮਾਂ ਦੇ ਦਰ ਤੇ ਤੂੰ ਝੋਲੀ ਫ਼ੈਲਾ ।
ਮੂੰਹੋਂ ਮੰਗੀਆਂ ਮੁਰਾਦਾਂ ਓਥੋਂ ਪਾ ।
ਮਨਾ ਚੱਲ ਚੱਲ ਚੱਲ,
ਮਨਾ ਚੱਲ ਕੱਟੜੇ ਨੂੰ ਚੱਲੀਏ...

ਮਾਂ ਨੇ ਪਿੰਡੀ ਰੂਪ ਬਣਾ ਲਿਆ,
ਮਾਂ ਨੇ ਕੰਜ਼ਕਾਂ ਦਾ ਰੂਪ ਵੀ ਧਾਰਿਆ,
ਤੂੰ ਵੀ ਪਿੰਡਿਆਂ ਦੇ ਦਰਸ਼ਨ ਪਾ ।
ਓਥੇ ਜਾ ਕੇ ਤੂੰ ਕੰਜ਼ਕਾਂ ਮਨਾ ।
ਮਨਾ ਚੱਲ ਚੱਲ ਚੱਲ,
ਮਨਾ ਚੱਲ ਕੱਟੜੇ ਨੂੰ ਚੱਲੀਏ...

ਜਿੱਥੇ ਭਗਤ ਦਹਿਲੀਜ਼ਾਂ ਮੱਲੀਆਂ,
ਮਾਂ ਦੇ ਦਰ ਉੱਤੇ ਹਾਜ਼ਰੀਆਂ ਭਰੀਆਂ,
ਤੂੰ ਵੀ ਜਾ ਕੇ ਅਰਜ਼ ਸੁਣਾ ।
ਮਾਂ ਦਾ ਰੱਜ ਰੱਜ ਦਰਸ਼ਨ ਪਾ ।
ਮਨਾ ਚੱਲ ਚੱਲ ਚੱਲ,
ਮਨਾ ਚੱਲ ਕੱਟੜੇ ਨੂੰ ਚੱਲੀਏ...

**ਅਪਲੋਡਰ-** ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/35024/title/mana-chal-Katre-nu-chaliye

अपने Android मोबाइल पर BhajanGanga App डाउनलोड करें और भजनों का आनंद ले |